

# ਨਕਾਸ਼ ਦਾ ਚਾਤ੍ਰਿਕ

-ਸ੍ਰ. ਹਰਿਦਰ ਸਿੰਘ 'ਰੂਪ' ਬੁਰਜ ਗਿਆਨੀਆਂ ਅੰਮ੍ਰਿਤਸਰ

ਜਿਸ ਤਰਾਂ ਲਾਲਾ ਧਨੀ ਰਾਮ ਜੀ ਚਾਤ੍ਰਿਕ, ਬੋਲੀ ਤੇ ਕਵਿਤਾ ਦੇ ਉਸਤਾਦ ਹਨ, ਇਸੇ ਤਰਾਂ ਗਿਆਨ ਸਿੰਘ ਜੀ ਨਕਾਸ਼ ਮੌਹਰਾ ਕਸ਼ੀ ਤੇ ਟੁਕੜੀ ਆਦਿ ਦੇ ਹਾਤਮ ਹਨ। ਦੋਹਾਂ ਦੀਆਂ ਜੀਵਨੀਆਂ ਦਾ ਵੀ ਵਾਹਵਾ ਮੇਲ ਹੈ। ਦੋਵੇਂ ਮੁੱਢੋਂ ਮਿਹਨਤੀ ਸਨ। ਲਾਲਾ ਜੀ ਦੀ ਭਾਈ ਵਜੀਰ ਸਿੰਘ ਨੇ ਬਾਂਹ ਫੜੀ ਤੇ ਭਾਈ ਵੀਰ ਸਿੰਘ ਸਾਹਿਬ ਨੇ ਇਲਮ ਦਿੱਤਾ। ਗਿਆਨ ਆਪ ਜੀ ਨੂੰ ਭਾਈ ਨਿਹਾਲ ਸਿੰਘ ਨਕਾਸ਼ ਨੇ ਚਰਨੀਂ ਲਾਇਆ ਤੇ ਉਨ੍ਹਾਂ ਦੇ ਨਿੱਕੇ ਭਰਾਤਾ ਜਵਾਹਰ ਸਿੰਘ ਨੇ ਤਾਕ ਕੀਤਾ। ਓਧਰ ਭਾਈ ਸਾਹਿਬ ਦੇ ਪਿਤਾ ਡਾਕਟਰ ਚਰਨ ਸਿੰਘ ਜੀ ਬੜੇ ਆਲਮ ਤੇ ਸਾਹਿਤਕਾਰ ਸਨ। ਏਧਰ ਜਵਾਹਰ ਸਿੰਘ ਜੀ ਦੇ ਭਾਈਆਂ ਜੀ, ਭਾਈ ਬਿਸ਼ਨ ਸਿੰਘ ਨਕਾਸ਼ ਪੂਰੇ ਉਸਤਾਦ ਹੋ ਗੁਜ਼ਰੇ ਹਨ। ਲਾਲਾ ਜੀ ਤੇ ਨਕਾਸ਼ ਜੀ ਨੇ ਮੈਨੂੰ ਆਪੋ ਆਪਣੇ ਇਲਮ ਦੀ ਸਾਰ ਦਿੱਤੀ। ਦੋਵੇਂ ਆਚਾਰ ਵਿਚਾਰ ਦੇ ਸੁੱਚੇ ਹਨ। ਦੋਹਾਂ ਨੇ ਪੰਜਾਂ ਜਮਾਤਾਂ ਤੱਕ ਪੜ੍ਹਾਈ ਕੀਤੀ। ਦੋਹਾਂ ਨੇ ਆਪਣੇ ਹੁਨਰ ਨੂੰ ਕਿੰਨਾ ਚਿਰ ਨਹੀਂ ਵਰਤਿਆ। ਲਾਲਾ ਜੀ ਸੰਨ 11 ਤੋਂ 15 ਤਕ ਚੁੱਪ ਰਹੇ ਤੇ ਨਕਾਸ਼ ਜੀ ਸੰਨ 28 ਜਾਂ 29 ਵਿਚ ਜਦੋਂ ਅਕਾਲੀ ਸਿੰਘਾਂ ਨੇ ਹਰੀ ਮੰਦਰ ਦੇ ਹੁਨਰਾਂ ਸਿਰ ਪੱਥਰ ਮੜ੍ਹਨਾ ਸ਼ੁਰੂ ਕੀਤਾ ਤਾਂ ਓਦੋਂ ਹੁਨਰ ਦੀ ਨਕਦਰੀ ਦੇਖ ਕੇ ਦਰਬਾਰ ਸਾਹਿਬ ਦਾ ਕੰਮ ਕਰਨਾ ਛੱਡ ਆਏ। ਸੰਨ 46-48 ਤੋਂ ਮੁੜ ਕੁਝ ਹੁਨਰ ਵੱਲ ਧਿਆਨ ਕਰਨ ਲੱਗੇ ਹਨ।

ਭਾਈ ਗਿਆਨ ਸਿੰਘ ਦੇ ਉਸਤਾਦ ਘਰਾਣੇ ਨੂੰ ਸਿੱਖ ਸਕੂਲ ਕਿਹਾ ਜਾਂਦਾ ਹੈ।[1] ਭਾਈ ਬਿਸ਼ਨ ਸਿੰਘ ਦੇ ਤਾਇਆ,

---

1. ਦੇਖੋ 'ਸਿੱਖ ਤੇ ਸਿੱਖੀ' ਵਿਚ ਪੰਥ ਦਾ ਨਕਾਸ਼ ਘਰਾਣਾ

ਚਾਚਾ, ਬਾਪ, ਭਰਾ, ਭਤੀਜੇ, ਨਾਮੀ ਉਸਤਾਦ ਹੋਏ ਹਨ। ਜਿਸ ਤਰ੍ਹਾਂ ਭਾਈ ਕਿਹਰ ਸਿੰਘ, ਕਿਸ਼ਨ ਸਿੰਘ, ਕਪੂਰ ਸਿੰਘ ਆਦਿ। ਇਹ ਘਰਾਨਾ ਮਹਾਰਾਜਾ ਰਣਜੀਤ ਸਿੰਘ ਵੇਲੇ ਚੱਲਿਆ। ਏਸ ਘਰਾਣੇ ਨੇ ਮੁਗਲਈ ਸਕੂਲ ਵਾਂਗ ਬਾਹਰੋਂ (ਈਰਾਨੋਂ) ਪੂਰਨਾ ਨਹੀਂ ਲਈ, ਨਾ ਹੀ ਕਾਂਗੜਾ ਕਲਮ ਵਾਂਗ ਟੀਹਰੀ ਗੜ੍ਹਵਾਲ ਦੀ ਇੰਨ ਬਿੰਨ ਨਕਲ ਕੀਤੀ। ਮੁਗਲਈ ਕਲਮ ਆਗਰੇ ਤੇ ਦਿੱਲੀ ਵਿਚ ਜਿਹੜਾ ਰੂਪ ਧਾਰ ਚੁਕੀ ਸੀ ਓਹ ਸਾਰੇ ਪਰਵਾਣ ਹੋਇਆ। ਸਿੱਖ ਸਕੂਲ (ਜਿਸ ਨੂੰ ਮੈਂ ਖਾਲਸ ਪੰਜਾਬੀ ਸਕੂਲ ਕਹਿੰਦਾ ਹਾਂ) ਇਹਨੇ ਪੰਜਾਬੀਆਂ ਨੂੰ ਪੰਜਾਬੀ ਸ਼ਕਲ ਵਿਚ ਬਣਾਇਆ। ਮੁਗ਼ਲਈ ਢੰਗ ਨੇ ਗੁਰੂ ਨਾਨਕ ਜੀ ਨੂੰ ਦਿਖਾਇਆ ਤਾਂ ਵੀ ਗੋਲ ਦਾੜ੍ਹੀ ਕਰ ਦਿੱਤੀ ਤੇ ਸਾਰੀ ਤਰਜ਼ ਆਪਣੀ ਰੱਖੀ। ਉਹ ਪੰਜਾਬੀ ਬਾਣਾ ਤੇ ਸੂਰਤ ਨਾ ਰਹੀ। ਪੰਜਾਬੀ ਨਾ ਰਹਿਣ ਦਿੱਤਾ। ਕਾਂਗੜੇ ਵਾਲੇ ਜਿਹੜੇ ਪਹਾੜੀ ਤਰਜ਼ ਦੇ ਮਗਰ ਸਨ ਉਹਨਾਂ ਪੰਜਾਬਣਾਂ ਨੂੰ ਪੰਜਾਬਣਾਂ ਨਾ ਰਹਿਣ ਦਿੱਤਾ। ਕੁਝ ਤਿੱਖੇ ਪਹਾੜੀ ਨਕਸ਼ ਤੇ ਕੁਝ ਆਪ ਮਿਥੇ ਕੋਮਲ ਸੁਹਲ ਅੰਗ ਤੇ ਵਹਾ ਵਾਲੇ ਕਪੜੇ ਬਣਾ ਕੇ ਅਸਲੀਅਤ ਤੋਂ ਦੂਰ ਅਚੜ੍ਹ ਚੋਟੀਆਂ ਤੇ ਚੜ੍ਹੇ ਰਹੇ।

ਜਥੇ ਅੱਖਾਂ ਬਦਾਮਾਂ ਵਰਗੀਆਂ, ਨੱਕ ਤੁਤਚੁੰਝੇ ਤੇ ਭਰਵੱਟੇ ਕਮਾਨ ਸ਼ਾਹੀ ਹੀ ਰੱਖਣੇ ਹੋਣ, ਓਥੇ ਭਲਾ ਭਾਂਤ ਦੇ ਆਦਮੀਆਂ ਦੀ ਸ਼ਕਲ ਕੀ ਮਿਲਣੀ ਹੋਈ ? ਇਹ ਤਰਜ਼ ਪੰਜਾਬੋਂ ਬਾਹਰਲੇ ਪਹਾੜਾਂ ਦੀ ਸੀ ਤੇ ਏਸ ਨੂੰ ਪੰਜਾਬੀ ਨਹੀਂ ਕਿਹਾ ਜਾ ਸਕਦਾ। ਭਾਈ ਗਿਆਨ ਸਿੰਘ ਤੇ ਇਨ੍ਹਾਂ ਦੇ ਨਕਾਸ਼ ਘਰਾਣੇ ਨੇ, ਲਾਲਾ ਧਨੀ ਰਾਮ ਵਾਕਰ, ਸਾਡੇ ਸਾਹਵੇਂ ਅਸਲੀ ਪੰਜਾਬ ਲਿਆਂਦਾ ਹੈ। ਏਸ ਘਰਾਣੇ ਨੇ ਪੰਜਾਬੀ ਮਹਾਰਾਜਿਆਂ ਦਾ ਪਹਿਰਾਵਾ ਤੇ ਸਰਦਾਰਾਂ ਦਾ ਓਹੋ ਪੰਜਾਬੀ ਠਾਠ ਰੱਖਿਆ ਜਿਹੜਾ ਓਸ ਵਕਤ ਸੀ। ਹਰ ਕਸਬੇ ਵਾਲੇ ਦੀ ਸਹੀ ਤਸਵੀਰ ਵਾਹੀ, ਹਰ ਜ਼ਾਤ ਦਾ ਮਰਦ ਦਿਖਾਇਆ ਅਤੇ ਹਰ ਤੀਵੀਂ ਦਾ ਚਿੱਤਰ ਖਿੱਚਿਆ। ਮੋਹਰਾਕਸ਼ੀ ਵਿਚੋਂ ਈਰਾਨੀ ਪਰੇ ਪਰੀਆਂ ਕੱਢਦੀਆਂ ਤੇ ਪੰਜਾਬੀ ਫੁੱਲਾਂ ਦੀ ਮਹਿਕ ਖਿੰਡਾਈ। ਭਾਰਤ ਦੀਆਂ ਹੋਰ ਵੱਡੀਆਂ ਤੇ ਨਿੱਕੀਆਂ ਕਲਮਾਂ ਵਿਚ, ਹਰ ਪਾਸਿਓਂ ਏਨੀ ਅਸਥਾਨਕ ਰੰਗ ਨਹੀਂ ਮਿਲਦੀ ਜਿੰਨੀ ਏਸ ਸਿੱਖ ਕਲਮ ਕਹਾਉਣ ਵਾਲੀ, ਪੰਜਾਬੀ ਕਲਮ ਨੇ ਦਿਖਾਈ।

ਏਸ ਸਕੂਲ ਨੂੰ ਦੋ ਜਮਾਤਾਂ ਵਿਚ ਵੰਡ ਸਕਦੇ ਹਾਂ। ਇਕ ਤਾਂ ਮੁਸੱਵਰਾਂ ਦੀ, ਜਿਹੜੇ ਮਨੁੱਖੀ ਤਸਵੀਰਾਂ ਬਣਾਉਂਦੇ ਸਨ। ਦੂਜੀ ਨੱਕਾਸ਼ਾਂ ਦੀ ਜਿਹੜੇ ਮੋਹਰਾਕਸ਼ੀ ਆਦਿ ਹੁਨਰ ਕਰਦੇ ਸਨ। ਨੱਕਾਸ਼, ਤਰ੍ਹਾਂ-ਤਰ੍ਹਾਂ ਦੇ ਡਿਜ਼ਾਇਨ ਬਣਾਉਂਦਾ ਹੈ। ਨੱਕਾਸ਼ ਦਾ ਮੂੰਹ ਮੋਹਰਾਂ ਤੇ ਠੱਪੇ ਬਣਾਉਣ ਵਾਲੇ ਤੱਕਦੇ, ਚਿਤੇਰੇ ਹੱਥਾਂ ਵੱਲ ਵੇਖਦੇ, ਸਿਲਮੇ ਸਿਤਾਰੇ ਵਾਲੇ ਰਾਹ ਤੱਕਦੇ, ਗੋਟਾ ਕਿਨਾਰੀ ਲਾਉਣ ਵਾਲੇ ਧਿਆਨ ਧਰਦੇ, ਬੇਗੜੀਏ ਦੇ ਕਾਰੀਗਰ ਸਤਿਕਾਰਦੇ ਤੇ ਟੁਪਗਰ ਵੇਲਾਂ ਆਦਿ ਉੱਤੇ ਜਿਉਂਦੇ ਹਨ। ਹੁਨਰੀ ਦੁਨੀਆ ਦਾ ਇਹ ਬ੍ਰਹਮਾ ਮੋਹਰਾ ਕਸ਼ੀ ਦੀ ਫੁਲਕਾਰੀ ਨੂੰ ਆਪਣੇ ਰੱਤ ਸਿੰਜ ਸਿੰਜ ਮਹਿਕਾਉਂਦਾ ਹੈ। ਮੋਹਰਾਕਸ਼ੀ ਗਿੱਲੇ ਪਲਸਤਰ ਉੱਤੇ ਗਿੱਲਿਆਂ ਰੰਗਾਂ ਨੂੰ ਇਕ ਜਾਣ ਕਰਨ ਦਾ ਨਾਂ ਹੈ। ਮੁਗ਼ਲਾਂ ਦਾ ਤਰੀਕਾ ਵੱਖਰਾ ਸੀ। ਪੰਜਾਬੀਆਂ ਹਿੰਦੀ ਤਰਜ਼ ਰੱਖੀ, ਏਸ ਨੂੰ ਜੋਧਪੁਰੀ ਹੁਨਰ ਵੀ ਆਖਦੇ ਹਨ। ਪੰਜਾਬੀ ਨਕਾਸ਼ਾਂ ਦੇਸ਼ ਦੇ ਵੇਲ ਬੂਟੇ ਰੱਖੇ, ਉਨ੍ਹਾਂ ਉੱਤੇ ਦਿਮਾਗੀ ਸੋਚ ਵੀ ਲੜਾਈ। ਇਹ ਸੋਚ ਨਾ ਹੋਰ ਸੂਬੇ ਦੀ ਏ ਤੇ ਨਾ ਹੀ ਈਰਾਨੀ ਸੀ। ਇਨ੍ਹਾਂ ਵੇਲਾਂ ਟਹਿਣੀਆਂ ਦੇ ਪੱਤਿਆਂ ਵਿਚ ਪੰਜਾਬੀ ਸੁਭਾ ਦੱਸਿਆ ਗਿਆ ਹੈ। ਟਹਿਣੀ-ਟਹਿਣੀ ਤੇ ਪੱਤਾ-ਪੱਤਾ ਧੌਣ ਚੁੱਕੀ ਲੜਦਾ ਦਿਖਾਇਆ। ਜਾਨਵਰਾਂ ਦੀਆਂ ਪਗੜਾਂ ਤਾਂ ਛੱਡੀਆਂ, ਪੱਤੀਆਂ ਦੀਆਂ ਪਗੜਾਂ ਰਾਹੀਂ ਅਕਾਲੀ ਫੂਲਾ ਸਿੰਘ ਤੇ ਨਲੂਏ ਜਰਨੈਲ ਦਾ ਸੁਭਾ ਦਿਖਾਇਆ। ਪੰਜਾਬੀ ਨੇ ਆਪਣੀ ਕੌਮੀ ਬੀਰਤਾ ਦਾ ਅਕਸ ਕੰਧ ਦੇ ਸ਼ੀਸ਼ੇ ਵਿਚ ਪਾਇਆ। ਏਸ ਹੁਨਰ ਨੂੰ ਪੰਜਾਬੀਆਂ ਅੱਤ ਦੀ ਮਹੀਨੀ ਨਾਲ ਚਮਕਾਇਆ। ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ, ਪੰਜਾਬੀ ਮੋਹਰਾਂ ਕਸ਼ੀ ਦਾ ਅਜੋੜ ਨਮੂਨਾ ਹੈ। ਇਸ ਥਾਂ ਪੁਰਾਣੇ ਨਕਾਸ਼ ਭਾਈ ਜੈ ਸਿੰਘ ਤੇ ਵੱਡੇ ਉਸਤਾਦ ਭਾਈ ਬਿਸ਼ਨ ਸਿੰਘ ਨਕਾਸ਼ ਨੇ ਕੰਮ ਕੀਤਾ ਤੇ ਸਭ ਤੋਂ ਜ਼ਿਆਦਾ ਭਾਈ ਗਿਆਨ ਸਿੰਘ ਨੇ ਸਾਰਿਆਂ ਹੁਨਰਾਂ ਦੀ 32 ਸਾਲ ਸੇਵਾ ਕੀਤੀ। ਮੋਹਰਾ ਕਸ਼ੀ ਵਿਚ ਅਸਲੀਅਤ ਨਾਲੋਂ ਸੁਹੱਪਣ ਦਾ ਵਧੇਰੇ ਧਿਆਨ ਕੀਤਾ ਜਾਂਦਾ ਸੀ। ਹਰ ਫੁੱਲ ਦੀ ਪੱਤੀ-ਪੱਤੀ ਦਾ ਖੋਲ੍ਹ ਕੀਤਾ ਜਾਂਦਾ। ਹਰ ਪੱਤੇ ਦਾ ਰੇਸ਼ਾ ਰੇਸ਼ਾ ਦਿਖਾਉਣ ਲਈ ਵਾਹ ਲਾਈ ਜਾਂਦੀ। ਭਾਈ ਬਿਸ਼ਨ ਸਿੰਘ ਨੇ ਪਹਿਲਿਆਂ ਤੋਂ ਵਧੀਆ ਕੰਮ ਕੀਤਾ ਤੇ ਫੇਰ ਗਿਆਨ ਸਿੰਘ ਜੀ ਨੇ ਹੋਰ ਅਗਾਂਹ ਕਦਮ ਧਰੇ। ਹਰਿ ਕੀ ਪੌੜੀ ਦੇ ਬੁਖਾਰੇ ਵਿਚ ਬਾਰੀਆਂ ਗਿਰਦੇ ਦੋ ਝਾੜਆਂ ਹਨ। ਹੇਠੋਂ ਤਾਂ ਪੱਥਰ ਨੇ ਝਾੜ ਛੱਡੀਆਂ ਹਨ ਤੇ ਉੱਤੋਂ ਬਚੀਆਂ ਹੋਈਆਂ ਹਨ। ਇਕ ਉਸਤਾਦ ਨਿਹਾਲ ਸਿੰਘ ਦੀ ਹੈ, ਦੂਜੀ ਸ਼ਾਗਿਰਦ ਗਿਆਨ ਸਿੰਘ (ਬਾਬੇ ਸਾਹਿਬ ਵੱਲ)। ਪਹਿਲੀ ਉਮਰੇ ਹੀ ਉਸਤਾਦਾਂ ਜਿੰਨਾ ਹੱਥ ਹੋ ਗਿਆ ਸੀ। ਝਾੜੀ ਏਸ ਗੱਲ ਦੀ ਗਵਾਹੀ ਦੇ ਰਹੀ ਹੈ। ਜਿਥੇ ਬਾਬੇ ਦਾ ਪ੍ਰਕਾਸ਼ ਹੋਂਦਾ ਹੈ ਓਥੇ ਮੱਛੀਆਂ ਤੇ ਕੱਛੂਆਂ ਦਾ ਜਾਲ ਸੀ। ਜਿਸ ਤਰ੍ਹਾਂ ਅਕਾਲ ਤਖ਼ਤ ਦੇ ਅੱਗੇ ਹੈ। ਉਹ ਜਾਲ ਬੜ ਮਿਹਨਤ ਦਾ ਕੰਮ ਸੀ। ਅਸੀਂ ਕਹਿ ਸਕਦੇ ਹਾਂ ਕਿ ਚੰਦਨਵਾੜੀ ਦੇ ਅੱਠਵੇਂ ਹਿੱਸੇ ਜਿਹਾ ਵਧੀਆ ਸੀ। ਉਪਰਲੀ ਛੱਤੇ ਸਾਰਾ ਕੰਮ ਆਪ ਦਾ ਹੀ ਹੈ। ਤਿਤਲੀਆਂ (ਮੁਸਤਤੀਲਾਂ) ਮੁਰੱਬਿਆਂ ਆਦਿ ਵਿਚ ਫੁਲ ਆਦਿ ਮਹੀਨ ਤੇ ਸਾਇਆ ਚਾਣਨਾ ਅਸਲੀਅਤ ਮੁਤਾਬਕ ਦੇਣ ਲੱਗ ਪਏ ਹਨ। ਪਹਿਲਿਆਂ ਛਾਇਆ ਤੇ ਚਾਣਨਾ ਵਰਤਿਆ ਪਰ ਸਜਾਉਣ ਲਈ ਮਨਮਰਜ਼ੀ ਨਾਲ। ਭਾਈ ਬਿਸ਼ਨ ਸਿੰਘ ਆਦਿ ਨੇ ਦਰਬਾਰ ਸਾਹਿਬ ਵਿਚ ਚਾਰ ਥਾਈਂ ਪਰੇ

 

ਪਰੀਆਂ ਬਣਾਏ ਪਰ ਗਿਆਨ ਸਿੰਘ ਜੀ ਨੇ ਓਪਰਾ, ਓਭੜ ਤੇ ਅਢੁੱਕ ਰਸਤਾ ਸਮਝ ਕੇ ਏਸ ਪਾਸ ਨਾ ਪਏ। ਇਨ੍ਹਾਂ ਦਾ ਪਗੜਾਂ ਵਿਚ ਜ਼ਿਆਦਾ ਜ਼ੋਰ ਹੈ। ਪਹਿਲਿਆਂ ਬਹੁਤ ਵਾਰੀ ਮਰਤਬਾਨਾਂ ਦੇ ਢਿੱਡਾਂ ਨੂੰ ਸਜਾਇਆ ਨਹੀਂ ਸੀ। ਇਨ੍ਹਾਂ ਮਰਤਬਾਨਾਂ ਵਿਚ ਗੁਰਦੁਆਰੇ ਬਣਾਏ। ਕਈ ਕਿਸਮ ਦੇ ਬਗਲੇ ਤੇ ਤਿਤਲੀਆਂ ਦਿਖਾਈਆਂ। ਇਹ ਭੰਬਟ ਆਦਿ ਤਾਂ ਵੀਹ ਬਾਈ ਕਿਸਮ ਦੇ ਹਨ। ਬਗਲਿਆਂ ਦੀ ਪੂਛ ਹੇਠਲੀ ਲੂੰਈਂ ਜਾਂ ਪਸ਼ਮ ਵਾਹਵਾ ਬਣਾਈ ਜਿਵੇਂ ਸਿੰਬਲ ਦਾ ਰੂੰ ਹੀ ਚਮੇੜ ਦਿੱਤਾ ਹੋਵੇ। ਇਹ ਇੰਨ-ਬਿੰਨਤਾ ਚਾਤ੍ਰਿਕ ਜੀ ਦੀਆਂ ਕਈ ਲਫ਼ਜ਼ੀ ਤਸਵੀਰਾਂ ਵਾਂਗ ਹੈ। ਜਿਸ ਤਰ੍ਹਾਂ ਚਾਤ੍ਰਿਕ ਜੀ ਨੇ ਬੋਲੀ ਮਾਂਜੀ ਸੰਵਾਰੀ ਹੈ ਇਸੇ ਤਰ੍ਹਾਂ ਨਕਾਸ਼ ਜੀ ਨੇ ਮੋਹਰਾਂ ਕਸ਼ੀ ਨੂੰ ਨਿਖਾਰਿਆ ਹੈ। ਏਸ ਘਰਾਣੇ ਵਿਚ ਇਕ ਇਹੋ ਹਨ ਜਿਨ੍ਹਾਂ ਹੁਨਰ ਉੱਤੇ ਕੁਝ ਲਿਖਿਆ। ਇਕ ਕਿਤਾਬ ਹੈ 'ਨਕਾਸ਼ੀ ਦਰਪਣ' ਜਿਸ ਵਿਚ ਮੋਹਰਾਂ ਕਸ਼ੀ ਦੇ ਫੁੱਲ, ਵੇਲਾਂ ਤੇ ਪਗੜਾਂ ਵਾਹ ਕੇ ਦਿਖਾਈਆਂ ਹਨ। ਨਾਲ ਇਹ ਵੀ ਦੱਸਿਆ ਹੈ ਪਈ ਕਿਹੜਾ ਕਿਹੜਾ ਫੁੱਲ ਕਿੱਥੇ ਲੱਗਦਾ ਜਾਂ ਲਾਇਆ ਜਾ ਸਕਦਾ ਹੈ। ਇਹ ਕਿਤਾਬ ਲੈਥੋ ਵਿਚ ਹੈ। ਹੁਣ ਰੰਗਦਾਰ ਛਾਪਣ ਲਈ ਮੈਂ ਜ਼ੋਰ ਦਿੱਤਾ ਤੇ ਕਈ ਚੀਜ਼ਾਂ ਬਣਵਾਈਆਂ ਹਨ। ਏਸ ਕਿਤਾਬ ਤੋਂ ਬਿਨਾਂ ਵਿਸ਼ਕਰਮਾ ਦਰਪਣ ਵੀ ਬਣਾਈ ਜਿਸ ਵਿਚ ਇਮਾਰਤ ਗੁਰ ਤੇ ਸਣਦਾਂ ਦੀਆਂ ਲੈਥੋ ਵਿਚ ਤਸਵੀਰਾਂ ਹਨ। ਸਾਡੇ ਪੁਰਾਣੇ ਹੁਨਰਕਾਰਾਂ ਵਾਂਗ ਇਹ ਕਾਰੀਗਰ, ਹੁਨਰ ਨੂੰ ਨਾਲ ਲੈ ਜਾਣਾ ਨਹੀਂ ਚਾਹੁੰਦਾ। ਜਿਸ ਤਰ੍ਹਾਂ ਲਾਲਾ ਜੀ ਹੁਨਰ ਦਾ ਪ੍ਰਵਾਹ ਚਲਾਈ ਜਾਂਦੇ ਹਨ ਓਸੇ ਤਰ੍ਹਾਂ ਨਕਾਸ਼ ਜੀ ਵੀ ਹੁਨਰ ਪ੍ਰਚਾਰ ਦੀ ਮਾੜੀ ਮੋਟੀ ਸਬੀਲ ਬਣਾ ਲੈਂਦੇ ਹਨ।

ਮੋਹਰਾਂ ਕਸ਼ੀ ਇਕ ਫ਼ਲਸਫ਼ਾ ਹੈ, ਢਕੌਂਸਲਾ ਨਹੀਂ। ਸਾਹਮਣੀ ਝਾੜੀ ਸੋਸਨ ਦੀ ਹੈ। ਹਰ ਤਰ੍ਹਾਂ ਦੇ ਫੁੱਲ, ਟਹਿਕੇ, ਸੁੱਕੇ ਤੇ ਅੱਧਖਿੜੇ ਆਦਿ ਦਿਖਾਏ ਹਨ। ਦੇਖਣ ਵਿਚ ਇਹ ਗੱਲ ਗ਼ਲਤ ਵੀ ਲੱਗ ਸਕਦੀ ਹੈ। ਸੁੱਕਿਆਂ ਪੱਤਿਆਂ ਵਿਚ ਖਿੜੇ ਫੁੱਲ ਨਹੀਂ ਰਹਿ ਸਕਦੇ। ਤਿੰਨ ਘੰਟਿਆਂ ਦੇ ਡਰਾਮੇ ਵਿਚ ਜੇ ਵੀਹ ਸਾਲ ਦਾ ਜੀਵਨ ਦਿਖਾਇਆ ਜਾ ਸਕਦਾ ਹੈ ਤਾਂ ਜ਼ਿੰਦਗੀ ਦਾ ਝਾੜ ਵਿਚ[1] ਦੁਖ ਤੋਂ ਸੁਖ ਆਦਿ ਕਿਉਂ ਨਾ ਦੱਸਿਆ ਜਾਏ ? ਸਾਹਮਣੀ ਝਾੜੀ ਦੇ ਰੰਗ ਅਜੀਬ ਹਨ। ਪੱਤਿਆਂ ਦੇ ਹੇਠਲੇ ਪਾਸੇ ਜਿਸ ਤਰ੍ਹਾਂ ਛਣ ਰਹੀਆਂ ਕਿਰਨਾਂ ਨਕਾਸ਼ ਨੂੰ ਰੰਗ ਦਿਸੇ ਹਨ ਓਸੇ ਤਰ੍ਹਾਂ ਫਾਲਸਈ ਅੱਧ (ਨੀਮ), ਜਾਮਣੀ, ਫਿੱਕੀ ਭਾ ਵਾਲਾ ਬਲੰਭਰੀ ਤਾਂਬੜੇ ਆਦਿ ਦੀ ਹਲਕੀ ਭਾਰੀ ਵਰਤੋਂ ਕੀਤੀ ਗਈ ਹੈ।

ਪੈਂਹਠ ਸਾਲ ਦੀ ਉਮਰ ਵਿਚ ਐਨਕ ਤੋਂ ਬਿਨਾਂ ਐਨੀ ਮਹੀਨੀ ਲਿਆ ਕੇ ਹੋਰ ਲੋਹੜਾ ਮਾਰਿਆ ਹੈ। ਇਸ ਝਾੜੀ ਦੇ ਰੰਗ, ਮੋਹਰਾਂ ਕਸ਼ੀ ਨਾਲੋਂ ਫਿੱਕੇ ਤੇ ਧੀਮੇ ਹਨ। ਹਾਂ, ਫੁੱਲਾਂ ਦੇ ਰੰਗ ਤੇ ਸ਼ੋਖ਼ ਰੱਖੇ ਹਨ। ਜਿਹੜੀ ਬਾਹਰ ਚੀਜ਼ ਹੈ ਏਸ ਨੂੰ ਦਹਿਨ ਕਿਹਾ ਜਾਂਦਾ ਹੈ। ਇਹ ਥੰਮ੍ਹਾਂ 'ਤੇ ਨਹੀਂ, ਖੁੱਲ੍ਹੀ ਥਾਂ, ਪਿੱਠੋਂ ਉੱਚਾ ਬਣਾਇਆ ਜਾਂਦਾ ਹੈ। ਹੇਠਲੇ ਪਾਸਿਓਂ ਚਲੋ, ਪਹਿਲਾਂ ਘੜਵੰਜ ਜਿਸ ਨਾਲ ਹਰ ਸ਼ੈ ਦੀ ਪਕੜ ਹੁੰਦੀ ਹੈ। ਏਥੇ ਸਭ ਪਗੜਾਂ ਪੂਰੇ ਜ਼ੋਰ ਵਿਚ ਹਨ। ਘੜਵੰਜ ਜਾਂ (ਘੜਵੰਜੀ) ਉੱਤੇ ਮਰਤਬਾਨ

—
1. **ਏਸ ਦਾ ਵਿਸਥਾਰ 'ਪੰਜਾਬੀ ਚਿਤਰਕਲਾ' ਪੁਸਤਕ ਵਿਚ ਕੀਤਾ ਹੈ।**

ਪੰਜਾਬੀ ਸਕੂਲ ਦਾ ਕ੍ਰਿਸ਼ਮਾ







ਮੋਹਰਾ ਕਸ਼ੀ ਦੇ ਚਮਤਾਰੇ

ਹੈ। ਏਸ ਵਿਚ ਹਰਿਮੰਦਰ, ਜਿਸ ਵਿਚ ਹੁਨਰ ਚੱਪੇ-ਚੱਪੇ ਉੱਤੇ ਰੱਖਿਆ ਹੋਇਆ ਹੈ। ਇਸ ਤੋਂ ਬਾਅਦ ਗੁਲਸਦਤਾ, ਜਿਸ ਉੱਤੇ ਬੜਾ ਜ਼ੋਰ ਲਾਇਆ ਤੇ ਪੱਤਿਆਂ ਨੂੰ ਬਣਾ ਕੇ ਸਜਾਇਆ ਹੈ। ਨੁੱਕਰਾਂ ਜੋ ਬਗਲਾਂ ਕਹਾਉਂਦੀਆਂ ਹਨ ਉਨ੍ਹਾਂ ਵਿਚ ਲੜਾਂ ਦੀ ਲਹਿਰ ਲਾਈ ਹੈ। ਇਹ ਅਲੰਕਾਰਕ ਕਵਿਤਾ ਵਾਂਗ ਹੈ ਤੇ ਅਲੰਕਾਰ ਵੀ ਸ਼ਬਦਾਂ ਵਾਲੇ ਆਖੇ ਜਾ ਸਕਦੇ ਹਨ ਪਰ ਮੀਆਂ ਫ਼ਜ਼ਲ ਸ਼ਾਹ ਵਾਲੇ ਨਹੀਂ।

ਨਕਾਸ਼ੀ ਦੇ ਜ਼ੋਰ ਕਰਕੇ ਤੇ ਪਗੜਾਂ ਦੇ ਉਸਤਾਦ ਹੋਣ ਕਾਰਨ, ਪਸ਼ੂਆਂ ਦੀ ਵਹਾਈ ਤੇ ਲੜਾਈ ਦਿਖਾਣ ਵਿਚ ਕੋਈ ਕਸਰ ਨਹੀਂ ਛੱਡੀ। ਮੁਗ਼ਲਈ ਉਸਤਾਦ ਮਨਸੂਰ ਦੇ ਟਾਕਰੇ ਉੱਤੇ ਇਨ੍ਹਾਂ ਦੀਆਂ ਚੀਜ਼ਾਂ ਬਿਨਾਂ ਝਿਜਕ ਦੇ ਰੱਖ ਸਕਦੇ ਹਾਂ। ਨਾਲ ਦੀਆਂ ਕਾਲੀਆਂ ਚਿੱਟੀਆਂ ਤਸਵੀਰਾਂ ਤੋਂ ਕੁਝ ਪਤਾ ਲੱਗ ਸਕਦਾ ਹੈ। ਊਠਾਂ ਦੀ ਲੜਾਈ ਆਦਿ ਦੇ ਰੰਗ ਲੱਗੇ ਦੇਖੇ ਜਾਣ ਤਾਂ ਦਿਲ ਉੱਤੇ ਏਸ ਉਸਤਾਦ ਦੀ ਉਸਤਾਦੀ ਦਾ ਸਿੱਕਾ ਬੈਠਦਾ ਹੈ। ਹਲਕਾ ਖਾਕੀ ਤੇ ਮੋਤੀਆ ਭਾ ਦੇ ਕੇ ਊਠ ਦੇ ਅਸਲੀ ਰੰਗ ਵਿਚ ਜਾਨ ਪਾਈ ਹੈ।

'ਮਮਤਾ' ਵਿਚ ਲੜਾਈ ਦਾ ਜ਼ੋਰ ਤਾਂ ਹੈ ਹੀ ਪਰ ਭਾਵ ਵੀ ਓਹੀ ਭਰਿਆ ਹੈ ਕਿ ਜਿਸ ਦੀ ਮਿਸਾਲ ਨਹੀਂ। ਹਾਥੀ, ਸ਼ੇਰ ਤੋਂ ਡਰਦਾ ਹੈ ਪਰ ਜਦੋਂ ਸ਼ੇਰ ਜੋੜੇ ਨੇ ਹਾਥੀ ਦਾ ਬੱਚਾ ਮਾਰਿਆ ਤਾਂ ਹਾਥੀ ਜੋੜਾ ਰੋਹ ਵਿਚ ਆ ਕੇ ਏਨਾ ਲੜਿਆ ਕਿ ਸ਼ੇਰ ਜੋੜੇ ਨੂੰ ਮੌਤ ਪਾਸ ਪੁਚਾਇਆ। ਮਮਤਾ ਕਰ ਕੇ ਡਰਪੋਕ ਵੀ ਯੋਧਾ ਹੋ ਜਾਂਦਾ ਹੈ। ਕਵੀਆਂ ਤੋਂ ਘੱਟ ਸੋਹਣਾ ਮਜ਼ਮੂਨ ਨਹੀਂ ਨਿਭਾਇਆ, ਸਗੋਂ ਪੈਰ ਅਗਾਂਹ ਹੀ ਰੱਖਿਆ ਹੈ।

ਭਾਈ ਗਿਆਨ ਸਿੰਘ ਕਾਰ ਵਿਹਾਰ ਤੋਂ ਸ਼ਾਂਤ ਬਿਰਤੀ ਦੇ ਜਾਪਦੇ ਹਨ। ਮਲੂਮ ਹੋਂਦਾ ਹੈ ਇਨ੍ਹਾਂ ਦੇ ਅੰਦਰ ਦੀ ਤਹਿ ਵਿਚ ਬੀਰ ਰਸ ਜਾਗਿਆ ਜਿਹਾ ਰਹਿੰਦਾ ਹੈ। ਉਹ ਬਲਦਾਂ, ਹਾਥੀਆਂ ਦੇ ਘੋਲ ਕਰਾਂਦਾ ਹੈ। ਇਨ੍ਹਾਂ ਦੀ ਵਹਾਈ ਵਿਚ ਪੁਰਾਣਾ ਪੰਜਾਬੀ ਸਕੂਲ ਇੰਨ-ਬਿੰਨ ਨਜ਼ਰ ਆਉਂਦਾ ਹੈ। ਦੂਜੀ ਤਸਵੀਰ ਫੀਲ ਰਬਾਬੀ ਬਲਦ ਪਖਾਵਜ ਵਾਲੀਆਂ ਕਬੀਰ ਜੀ ਦੀਆਂ ਤੁਕਾਂ ਨੂੰ ਰੰਗੀਨ ਬਾਣਾ ਧਾਰਨ ਕਰਾ ਕੇ ਹਾਸੇ ਦਾ ਰੰਗ ਬੰਨ੍ਹਿਆ ਹੈ।

ਨਕਾਸ਼ ਜੀ ਨੇ ਗੱਚ ਵਿਚ ਉਭਰੇ ਅੱਖਰਾਂ ਵਿਚ ਜਪ ਨੀਸਾਨ ਲਿਖ ਕੇ ਉਸਤਾਦਾਂ ਤੋਂ ਵਾਧਾ ਕੀਤਾ। ਗੁੰਬਦ ਦੇ ਅੰਦਰ ਗਚ ਟੁਕੜੀ ਤੇ ਹਰਕੀ ਪੌੜੀ ਦੀ ਉਤਲੀ ਛੱਤੇ ਵੀ ਇਨ੍ਹਾਂ ਦਾ ਹੀ ਹੁਨਰ ਹੈ। ਇਹ ਹੁਨਰ ਮੁਗ਼ਲਾਂ ਤੋਂ ਅਲਹਿਦਾ ਸਨ।*

ਨਕਾਸ਼ ਜੀ ਨੂੰ ਸਰਦਾਰ ਈਸ਼ਰ ਸਿੰਘ ਜੀ ਮਝੈਲ ਨੇ ਸ਼੍ਰੋਮਣੀ ਕਮੇਟੀ ਤੋਂ ਸਿਰੋਪਾ ਦਿਵਾਇਆ। ਨਾਲ ਹੀ ਸਰਦਾਰ ਦਿਆਲ ਸਿੰਘ ਜੀ ਢਿੱਲੋਂ ਐਡਵੋਕੇਟ ਤੇ ਮਝੈਲ ਸਾਹਿਬ ਨੇ ਪਾਸ ਕਰਾਇਆ ਸੀ ਪਰ ਹੁਨਰ ਛਿੱਲਿਆ ਨਾ ਜਾਏ। ਸ਼ੀਸ਼ੇ ਲਾ ਕੇ ਸਾਂਭਿਆ ਜਾਏ। ਸ਼ੀਸ਼ੇ ਲਾਉਣ ਵਾਲਾ ਉਦਮ ਧੀਮਾ ਧੀਮਾ ਹੋਣ ਲੱਗਾ ਹੈ। ਉਹ ਵੀ ਮੁਰੰਮਤ ਕੀਤੀ ਚੀਜ਼ ਵੱਲ ਧਿਆਨ ਹੈ। ਪੁਰਾਣੇ ਉਸਤਾਦਾਂ ਦੀ ਨਾਸ ਹੋਣ ਵਾਲੀ ਸ਼ੈ ਨੂੰ ਸੰਭਾਲਣ ਦਾ ਉਪਰਾਲਾ ਘੱਟ ਹੈ।

ਜਦੋਂ ਨਕਾਸ਼ ਜੀ ਨੇ ਉਪਰਲੇ ਮਤੇ ਦਾ ਪਾਸ ਹੋਣਾ ਸੁਣਿਆ ਤਾਂ ਆਖਿਆ, "ਅੱਜ ਮੈਨੂੰ ਪਤਾ ਲੱਗਾ ਹੈ ਕਿ ਕਮੇਟੀ ਵਿਚ ਹੁਨਰ ਪਿਆਰ ਹੈ। ਪਰ ਸਾਡੀ ਵੀ ਗ਼ਲਤੀ ਹੈ ਜਿਹੜੇ ਮੈਂਬਰਾਂ ਨੂੰ ਦੱਸਣੋਂ ਝਕਦੇ ਰਹੇ।"

ਕਮੇਟੀ ਨੇ ਸਰਦਾਰ ਸਵਰਨ ਸਿੰਘ ਦੀ ਰਾਹੀਂ ਬਨਾਰਸੀ ਸਿਰੋਪਾ ਤੇ ਮਾਣ ਪੱਤਰ ਦਿੱਤਾ ਜਿਸ ਵਿਚ ਹਰਿਮੰਦਰ ਦੀ ਸੇਵਾ ਕਰਨ ਆਦਿ ਦਾ ਜ਼ਿਕਰ ਸੀ। ਨਕਾਸ਼ ਜੀ ਨੇ ਉਹਦਾ ਉਤਰ ਆਪਣੇ ਸਿੰਘਾਂ ਵਾਂਗ ਬੜੇ ਨਿਮਾਣੇ ਤੇ ਗਰੀਬੜੇ ਲਹਿਜੇ ਵਿਚ ਲਿਖਿਆ। ਆਸੀਂ-ਪਾਸੀਂ ਨਕਾਸ਼ੀ ਦੀ ਸੋਹਣੀ ਵੇਲ ਬਣਾ ਕੇ ਤੇ ਸ਼ੀਸ਼ੇ ਵਿਚ ਜੜ ਕੇ ਪੇਸ਼ ਕੀਤਾ ਜਿਹੜਾ ਸ਼੍ਰੋਮਣੀ ਕਮੇਟੀ ਦੇ ਹਾਲ ਵਿਚ ਹੈ।

ਸ਼੍ਰੋਮਣੀ ਕਮੇਟੀ ਨੇ ਪੰਜਾਬ ਦੀ ਸੇਵਾ ਲਈ ਜਿਥੇ ਲਾਲਾ ਧਨੀ ਰਾਮ ਜੀ ਨੂੰ ਮਾਣ ਪੱਤਰ ਦਿੱਤਾ ਓਥੇ ਨਕਾਸ਼ ਜੀ ਦਾ ਹੋਰ ਇਕ ਹੱਕ ਹੋ ਜਾਂਦਾ ਹੈ ਪਈ ਕਮੇਟੀ ਲਈ ਅਭਿਨੰਦਨ ਗ੍ਰੰਥ ਬਣਵਾਏ। ਜਿਸ ਵਿਚ ਹਰਿਮੰਦਰ ਦੇ ਹੁਨਰਾਂ ਦੀਆਂ ਸੋਹਣੀਆਂ ਤਸਵੀਰਾਂ ਤੇ ਹੋਰ ਉਸਤਾਦਾਂ ਦੇ ਹਾਲ ਵੀ ਹੋਣ। ਇਹ ਹੁਨਰ ਸਾਡੇ ਆਪਣੇ ਹਨ ਤੇ ਇਨ੍ਹਾਂ ਵਿਚੋਂ ਸਾਡੀ ਕੋਮਲ ਬਿਰਤੀ ਦਿਸਦੀ ਹੈ। ਇਨ੍ਹਾਂ ਹੁਨਰਾਂ ਬਾਰੇ ਜੇ ਪਰਦੇਸੀ ਯਾਤਰੂਆਂ ਦੀ ਕਮੇਟੀ ਰਜਿਸਟਰ ਵਿਚੋਂ ਰਾਵਾਂ ਤਾਂ ਪਤਾ ਲੱਗੇ ਕਿ ਸਾਡੇ ਕਾਰੀਗਰ ਕੀ ਕੁਝ ਕਰ ਗਏ ਹਨ ?

ਹੁਨਰ ਦੀ ਕਿੱਡੀ ਬਦਕਿਸਮਤੀ ਹੈ ਪਈ ਐਡਾ ਵੱਡਾ ਕਾਰੀਗਰ ਅੰਮ੍ਰਿਤਸਰ ਵਿਚ ਰਹਿ ਕੇ ਤੇ ਖਿਡੌਣਿਆਂ ਉੱਤੇ ਰੰਗ ਫੇਰ ਕੇ ਝੱਟ ਲੰਘਾਵੇ।

**

---

**1. ਦੇਖੋ 'ਸਿੱਖ ਅਤੇ ਸਿੱਖੀ', ਦਰਬਾਰ ਸਾਹਿਬ ਦੇ ਹੁਨਰਾਂ ਬਾਰੇ ਬਹੁਤਾ ਵਿਸਥਾਰ ਅਣਛਪੀ ਕਿਤਾਬ ਵਿਚ ਹੈ।**